**ਹਰਵਿੰਦਰ ਸਿੰਘ ਫੂਲਕਾ**
**ਸੀਨੀਅਰ ਐਡਵੋਕੇਟ**

**C-253, ਡਿਫੈਂਸ ਕਾਲੋਨੀ**
**ਨਵੀਂ ਦਿੱਲੀ –110024**
**Email: phoolka@phoolka.com**

ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਜੀ,
ਜੱਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਜੀ
ਅਤੇ ਬਾਕੀ ਤਖਤਾਂ ਦੇ ਜੱਥੇਦਾਰ ਸਾਹਿਬਾਨ

20.7.2010

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਿਹ ॥

ਨਵੰਬਰ 1984 ਤੋਂ ਹੀ ਗੁਰੁ ਬਖਸ਼ਿਸ਼ ਸਦਕਾ ਮੈਂ ਸਿੱਖ ਨਸਲਕੁਸ਼ੀ ਦੇ ਕੇਸਾਂ ਦੀ ਜ਼ੋਰਦਾਰ ਢੰਗ ਨਾਲ ਪੈਰਵਾਈ ਕਰਦਾ ਆ ਰਿਹਾ ਹਾਂ। ਤਕਰੀਬਨ 26 ਵਰ੍ਹੇ ਹੋ ਗਏ ਹਨ ਇਸ ਪੈਰਵਾਈ ਵਿਚ ਲੱਗੇ ਹੋਏ। ਇਹਨਾਂ 26 ਵਰ੍ਹਿਆਂ ਵਿਚ ਇਨ੍ਹਾਂ ਕੇਸਾਂ ਦੀ ਪੈਰਵਾਈ ਲਈ ਮੈਂ ਨਾਂ ਕੋਈ ਫੀਸ ਲਈ ਹੈ, ਨਾ ਹੀ ਹੋਰ ਕੋਈ ਚੰਦਾ ਲਿਆ ਹੈ। 1985 ਵਿਚ ਦਿੱਲੀ ਸਿੱਖ ਗੁਰੂਦੁਆਰਾ ਪ੍ਰਬੰਧਕ ਕਮੇਟੀ ਨੇ ਮੈਨੂੰ 15000 ਰੁਪਏ ਫੀਸ ਦਿੱਤੀ ਸੀ ਉਸ ਤੋਂ ਬਾਅਦ 1986 ਤੋਂ ਲੈ ਕੇ ਅੱਜ ਤਕ ਨਾਂ ਮੈਂ ਗੁਰੂਦੁਆਰਾ ਕਮੇਟੀ ਤੋਂ ਅਤੇ ਨਾ ਹੀ ਕਿਸੇ ਹੋਰ ਸੰਸਥਾਂ ਕੋਲੋਂ ਇ੍ਹਨਾਂ ਕੇਸਾਂ ਦੀ ਪੈਰਵਾਈ ਲਈ ਕੋਈ ਪੈਸਾ ਲਿਆ ਹੈ।

ਪਰ ਬੜੇ ਅਫਸੋਸ ਦੀ ਗੱਲ ਹੈ ਕਿ ਦਿੱਲੀ ਦੇ ਕੁਝ ਸਿੱਖ ਆਗੂ ਇੱਕ ਸੋਚੀ ਸਮਝੀ ਸਾਜ਼ਿਸ਼ ਦੇ ਤਹਿਤ ਸਿੱਖ ਕਤਲੇਆਮ ਦੇ ਦੋਸ਼ੀ ਕਾਂਗਰੇਸੀ ਲੀਡਰਾਂ ਨੂੰ ਬਚਾਉਣ ਲਈ ਮੇਰੇ ਖਿਲਾਫ ਇੱਕ ਮੁਹਿਮ ਛੇੜੀ ਬੈਠੇ ਹਨ। ਲਗਾਤਾਰ ਇਹ ਕਹਿ ਰਹੇ ਹਨ ਕਿ ਮੈਂ ਕਰੋੜਾਂ ਰੁਪਏ ਖਾ ਗਿਆ ਹਾਂ ਅਤੇ ਮੈਂ ਕੌਮ ਦੇ ਫਾਇਦੇ ਲਈ ਨਹੀਂ ਬਲਕਿ ਆਪਣੇ ਨਿਜੀ ਸੁਆਰਥ ਲਈ ਇਨ੍ਹਾਂ ਕੇਸਾਂ ਨੂੰ ਜਿੰਦਾ ਰੱਖਿਆ ਹੋਇਆ ਹੈ।

**ਹੁਣ ਇਹ ਕੇਸ ਸਿਖਰ ਉੱਤੇ ਪੁੱਜ ਚੁਕੇ ਹਨ ਅਤੇ ਸਜੱਣ ਕੁਮਾਰ ਬੁਰੀ ਤਰ੍ਹਾਂ ਫਸ ਗਿਆ ਹੈ ਅਤੇ ਕਮਲ ਨਾਥ ਦੇ ਖਿਲਾਫ ਵੀ ਬੜੇ ਪੁਖਤਾ ਸਬੂਤ ਇਕੱਠੇ ਹੋ ਗਏ ਹਨ। ਐਸੇ ਨਾਜੁਕ ਮੌਕੇ ਤੇ ਇਨਾਂ ਲੀਡਰਾਂ ਨੇ ਇਹ ਮੁਹਿੰਮ ਹੋਰ ਵੀ ਤੇਜ ਕਰ ਦਿੱਤੀ ਹੈ ਤਾਕਿ ਉਹ ਮੈਨੂੰ ਇਨਾਂ ਕੇਸਾਂ ਵਿਚ ਮਿਲ ਰਹੀ ਭਾਵਨਾਤਮੱਕ ਮਦਦ, ਮੀਡੀਆ ਅਤੇ ਕਾਨ੍ਹੰਨੀ ਦਾਇਰੇ ਉੱਤੇ ਪੁੱਠਾ ਅਸਰ ਪਾ ਸਕਣ, ਜਿਸ ਦਾ ਸਿੱਧਾ ਫਾਇਦਾ ਦੋਸ਼ੀਆਂ ਨੂੰ ਜਾਵੇ ਤੇ ਨਾਲ ਹੀ ਮੈਂ ਇਨ੍ਹਾਂ ਝੂਠੇ ਇਲਜ਼ਾਮਾਂ ਦੀ ਸਫਾਈਆਂ ਦੇਣ ਵਿਚ ਹੀ ਉਲਝਿਆ ਰਹਾਂ ਅਤੇ ਆਪਣਾ ਪੂਰਾ ਸਮਾਂ ਕੇਸਾਂ ਵਿਚ ਨਾ ਲਗਾ ਸਕਾਂ।**

ਮੈਂ ਹਮੇਸ਼ਾਂ ਹੀ 84 ਦੀ ਨਸਲਕੁਸ਼ੀ ਦੇ ਕੇਸਾਂ ਨੂੰ ਜ਼ਿਆਦਾ ਮਹਤੱਤਾ ਦਿੱਤੀ ਹੈ। ਆਪਣੇ ਦੂਜੇ ਕੇਸਾਂ ਨੂੰ ਛੱਡ ਕੇ ਇਹ ਕੇਸ ਕਰਦਾ ਰਿਹਾ ਹਾਂ। ਜਦੋਂ ਸੱਜਣ ਕੁਮਾਰ ਦਾ ਕੇਸ ਹੁਣ ਇੱਨੇ ਸਿਖਰ ਉੱਤੇ ਪੁਜਿਆ ਹੈ ਮੇਰਾ ਲਗਭਗ ਸਾਰਾ ਸਮਾਂ ਇਸੇ ਹੀ ਕੇਸ ਵਿਚ ਲਗ ਰਿਹਾ ਹੈ। ਇਹੋ ਜਹੇ ਨਾਜੁਕ ਮੌਕੇ ਤੇ ਮੇਰਾ ਧਿਆਨ ਦੂਜੇ ਪਾਸੇ ਲਗਵਾ ਕੇ ਇਨਾਂ ਕੇਸਾਂ ਦਾ ਨੁਕਸਾਨ ਕਰਨ ਦੀ ਸਾਜ਼ਿਸ਼ ਹੈ।

ਜੇਕਰ ਚਾਹੁੰਦਾ ਤਾਂ ਮੈਂ ਵੀ ਦੂਜੇ ਕਿਸੇ ਸੀਨੀਅਰ ਐਡਵੋਕੇਟ ਵਾਂਗ ਆਪਣੀ ਨਿੱਜੀ ਵਕਾਲਤ ਦੇ ਕੇਸਾਂ ਵਲ ਹੀ ਧਿਆਨ ਦੇ ਕੇ ਬਹੁਤ ਸਾਰਾ ਪੈਸਾ ਕਮਾ ਸਕਦਾ ਸੀ। ਪਰ ਮੈਂ ਉਹ ਪੈਸਾ ਕਮਾਉਣ ਨਾਲੋਂ ਇਨ੍ਹਾਂ ਕੌਮੀ ਕੇਸਾਂ ਨੂੰ ਆਪਣਾ

ਫਰਜ਼ ਸਮਝਦੇ ਹੋਏ ਜ਼ਿਆਦਾ ਤਰਜੀਹ ਦਿੱਤੀ। ਸਿਰਫ ਆਪਣੀ ਵਕਾਲਤ ਨੂੰ ਹੀ ਨਹੀਂ ਬਲਕਿ ਆਪਣੀ ਜਾਨ ਨੂੰ ਵੀ ਜੋਖਿਮ ਵਿਚ ਪਾ ਕੇ ਇਕੱਲੇ ਖੜੇ ਹੋ ਕੇ ਇਨ੍ਹਾਂ ਜ਼ਾਲਮ ਮੁਲਜ਼ਮਾਂ ਦਾ ਮੁਕਾਬਲਾ ਕੀਤਾ ਹੈ ਜਿਨ੍ਹਾਂ ਨੇ ਇਹ ਨਸਲਕੁਸ਼ੀ ਕਰਵਾਈ।

ਮੈਂ ਆਪਣੀ ਸੁਰਖਿਆ ਲਈ ਕਦੇ ਵੀ ਕੋਈ ਸਿਕਯੋਰਿਟੀ ਨਹੀਂ ਲਈ। ਪਹਿਲੀ ਵਾਰ 1985 ਵਿਚ ਜਸਟਿਸ ਰੰਗਨਾਥ ਮਿਸ਼ਰਾ ਨੇ ਪੁਲਿਸ ਨੂੰ ਆਰਡਰ ਕਰ ਦਿੱਤੇ ਸੀ ਕਿ ਮੈਨੂੰ ਸੁੱਰਖਿਆ ਦਿੱਤੀ ਜਾਵੇ ਪਰ ਮੈਂ ਇਹ ਸੁੱਰਖਿਆ ਲੈਣ ਤੋਂ ਨਾਹ ਕਰ ਦਿੱਤਾ ਸੀ। ਮੇਰਾ ਵਿਚਾਰ ਇਹ ਸੀ ਕਿ ਜੇਕਰ ਮੈਂ ਆਪਣੇ ਲਈ ਸੁੱਰਖਿਆ ਲੈ ਲਿੱਤੀ ਅਤੇ ਮੇਰੇ ਨਾਲ ਬੰਦੂਕਾਂ ਲੈ ਕੇ ਪੁਲਿਸ ਵਾਲੇ ਘੁਮਣਗੇਂ ਤਾਂ ਇਨਾਂ ਪੀੜਤ ਗਵਾਹਾਂ ਦੇ ਹੌਸਲੇ ਡਿਗਣਗੇਂ। ਮੈਂ ਇਨ੍ਹਾਂ ਵਿਧਵਾਵਾਂ ਨੂੰ ਕਿਹੜੇ ਮੂੰਹ ਨਾਲ ਕਹਾਂਗਾਂ ਕਿ ਡਰੋ ਨਹੀਂ ਹੌਸਲਾ ਰੱਖੋ, ਖੁੱਲ ਕੇ ਬਿਆਨ ਦਵੋ। ਮੇਰੀ ਤਾਕਤ ਇਹ ਸੀ ਕਿ ਮੈਂ ਵੀ ਇਕੱਲਾ ਕਿਸੇ ਹੋਰ ਸੁੱਰਖਿਆ ਬਿਨਾਂ ਨਾਲ ਖੜਾ ਹੋਵਾਂ। ਇਸੇ ਲਈ ਮੈਂ 1985 ਤੋਂ ਸਾਰੀਆਂ ਥਾਵਾਂ ਅਤੇ ਅਦਾਲਤਾਂ ਵਿਚ ਇਕੱਲਾ ਹੀ ਆਪਣੀ ਮੋਟਰਸਾਈਕਲ ਤੇ ਜਾਂਦਾ ਸੀ। ਇਹੋ ਹੀ ਚੀਜ਼ ਮੇਰੀ ਤਾਕਤ ਬਣੀਂ ਅਤੇ ਇਸ ਨੇ ਮੁਲਜ਼ਮਾਂ ਦੇ ਹੌਂਸਲੇ ਵੀ ਡੇਗ ਦਿੱਤੇ। ਇਸੇ ਨੂੰ ਵੇਖ ਕੇ ਕਈ ਹੋਰ ਮੁੰਡੇ-ਕੁੜੀਆਂ ਤੇ ਰਿਟਾਇਰ ਫੋਜ਼ੀ ਜੋ ਸਾਡੇ ਨਾਲ ਜੁੜੇ ਸੀ ਇਕੱਲੇ ਹੀ ਕੈਂਪਾਂ ਵਿਚ ਜਾਂਦੇ ਸੀ। ਇਹ ਭਗਤ, ਸੱਜਣ ਕੁਮਾਰ ਦੇ ਇਲਾਕੇ ਵਿਚ ਵੀ ਜਾਣ ਲੱਗੇ। ਮੈਨੂੰ ਖੁਸ਼ੀ ਸੀ ਕਿ ਮੇਰਾ ਸੁੱਰਖਿਆ ਨਾ ਲੈਣ ਦਾ ਫੈਸਲਾ ਸਹੀ ਨਿਕਲਿਆ।

ਦੂਜੀ ਵਾਰ ਜਦੋਂ 2004 ਵਿਚ NDTV ਉਤੇ ਮੇਰੀ ਬਹਿਸ ਜਗਦੀਸ਼ ਟਾਈਟਲਰ ਨਾਲ ਹੋਈ ਅਤੇ ਟਾਈਟਲਰ ਨੇ ਮੈਨੂੰ ਜਾਨੋ ਮਾਰਣ ਦੀ ਧਮਕੀ ਦਿੱਤੀ ਤਾਂ ਉਸ ਤੋਂ ਬਾਅਦ ਵੀ.ਆਈ.ਪੀ. ਸੁੱਰਖਿਆ ਤੋਂ ਮੇਰੇ ਕੋਲ ਇੱਕ ਉੱਚ ਪਧੱਰ ਦਾ ਅਫਸਰ ਆਇਆ। ਉਸੇ ਨੇ ਮੈਨੂੰ ਦਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਪੰਜਾਬ ਦੇ ਮੁਖ ਮੰਤਰੀ ਨੇ ਪ੍ਰਧਾਨ ਮੰਤਰੀ ਡਾ ਮਨਮੋਹਨ ਸਿੰਘ ਨੂੰ ਚਿੱਠੀ ਲਿਖੀ ਹੈ ਕਿ ਮੈਨੂੰ ਸੁੱਰਖਿਆ ਪ੍ਰਦਾਨ ਕੀਤੀ ਜਾਵੇ ਅਤੇ ਪ੍ਰਧਾਨ ਮੰਤਰੀ ਦਫਤਰ ਨੇ ਸੁੱਰਖਿਆ ਦੇ ਆਦੇਸ ਜ਼ਾਰੀ ਕੀਤੇ ਹਨ। ਮੈਂ ਉਸ ਵੇਲੇ ਵੀ ਸੁੱਰਖਿਆ ਲੈਣੋਂ ਮਨ੍ਹਾ ਕਰ ਦਿੱਤਾ। ਇਹ ਫਿਰ ਇੱਕ ਨਾਜੁਕ ਮੌਕਾ ਸੀ ਜਦੋਂ ਕਿ ਦੋਸ਼ੀਆਂ ਦੇ ਖਿਲਾਫ ਕੇਸ ਖੁੱਲ੍ਹਣ ਵਾਲੇ ਸੀ ਅਤੇ ਨਾਨਾਵਤੀ ਕਮਿਸ਼ਨ ਦੀ ਰਿਪੋਰਟ ਆਉਣ ਵਾਲੀ ਸੀ। ਇਹੋ ਜਹੇ ਮੌਕੇ ਤੇ ਮੈਂ ਸੁੱਰਖਿਆ ਲੈ ਕੇ ਫਿਰਦਾ ਤਾਂ ਫਿਰ ਪੀੜਤ ਗਵਾਹਾਂ ਦੇ ਹੌਸਲੇ ਡਿੱਗਣ ਲੱਗ ਪੈਂਦੇ। ਉਹ ਅਫਸਰ ਮੈਨੂੰ ਜਾਣ ਲਗੇ ਇਹ ਕਹਿ ਕੇ ਗਿਆ ਕਿ ਮੈਂ ਤੁਹਾਨੰ ਸੈਲਉਟ ਕਰਦਾ ਹਾਂ। ਉਸਨੇ ਇਹ ਵੀ ਕਿਹਾ ਕਿ ਤੁਸੀ ਭਾਂਵੇਂ ਸੁੱਰਖਿਆ ਨਾ ਲਵੋ ਪਰ ਅਸੀਂ ਆਪਣੀ ਪੂਰੀ ਤਹਕੀਕਾਤ ਕਰਾਂਗੇਂ ਕਿ ਤੁਹਾਨੂੰ ਖਤਰਾ ਕਿਹੜੀ ਜਗ੍ਹਾ ਤੋਂ ਹੈ। ਉਸ ਤੋਂ ਬਾਅਦ ਮੈਨੂੰ ਵਾਰੀ-ਵਾਰੀ ਗ੍ਰਹਿ ਮੰਤ੍ਰਾਲਾ ਤੋਂ ਫੋਨ ਆਉਂਦੇ ਰਹੇ ਕਿ ਮੈਂ ਆਪਣਾ ਫੈਸਲਾ ਬਦਲਿਆ ਹੈ? ਪਰ ਮੈਂ ਉਹਨਾਂ ਨੂੰ ਕਿਹਾ ਕਿ ਮੇਰਾ ਫੈਸਲਾ ਅਟਲ ਹੈ। ਮੈਂ ਇਹ ਸਭ ਇਸ ਲਈ ਲਿਖ ਰਿਹਾ ਹਾਂ ਕਿ ਮੈਂ ਸਿਰਫ ਪੈਸਾ ਹੀ ਨਹੀ ਸਗੋਂ ਆਪਣੀ ਜਾਨ ਦੀ ਵੀ ਪਰਵਾਹ ਨਹੀਂ ਕੀਤੀ ਇਹਨਾਂ ਕੇਸਾਂ ਦੀ ਪੈਰਵਾਈ ਕਰਦੇ।

ਮੇਰੇ ਵਲੋਂ ਐਨਾ ਕਰਨ ਦੇ ਬਾਵਜ਼ੂਦ ਅੱਜ ਫਿਰ ਅਚਾਨਕ ਸਿੱਖ ਕੌਮ ਦੇ ਲੀਡਰ ਮੇਰੇ ਖਿਲਾਫ ਸਰੇਆਮ ਝੂਠੇ ਇਲਜ਼ਾਮ ਲਗਾ ਰਹੇ ਹਨ। ਇਹ ਕਿੱਥੇ ਦਾ ਇਨਸਾਫ ਹੈ? ਪੀੜਤਾਂ ਨੂੰ ਇਨਸਾਫ ਦਿਵਾਉਂਦੇ -ਦਿਵਾਉਂਦੇ ਅੱਜ ਮੈਂ ਤੁਹਾਡੇ ਕੋਲੋਂ ਇਨਸਾਫ ਮੰਗਣ ਆਇਆ ਹਾਂ।

ਇਹ ਇਲਜ਼ਾਮ ਲਗਾਉਣ ਦਾ ਸਿਲਸਿਲਾ ਮੇਰੀ ਟਾਈਟਲਰ ਦੇ ਨਾਲ NDTV ਤੇ 2004 ਵਿਚ ਹੋਈ ਬਹਿਸ ਤੋਂ ਬਾਅਦ ਸ਼ੁਰੂ ਹੋਇਆ। ਟਾਈਟਲਰ ਨੇ NDTV ਉੱਤੇ ਮੇਰੇ ਤੇ ਇਲਜ਼ਾਮ ਲਾਏ ਸਨ ਕਿ ਮੈਂ ਇਨਾਂ ਕੇਸਾਂ ਵਿਚ ਬਹੁਤ ਪੈਸੇ ਲਏ ਹਨ ਅਤੇ ਪੈਸਾ ਬਣਾਉਣ ਲਈ ਹੀ ਮੈਂ ਉਸਦੇ (ਟਾਈਟਲਰ) ਖਿਲਾਫ ਇਹ ਮੁਹਿਮ ਛੇੜੀ ਹੈ । ਉਸ ਨੇ ਕਿਹਾ ਕਿ ਸਿੱਖ ਕੌਮ ਤਾਂ ਟਾਈਟਲਰ ਦੇ ਨਾਲ ਹੈ, ਇੱਕਲਾ ਫੂਲਕਾ ਹੀ ਉਸ ਦੇ ਖਿਲਾਫ ਹੈ।

ਜਦੋਂ ਇਸ ਇੰਟਰਵਿਊ ਤੋਂ ਬਾਅਦ ਅਖਬਾਰ ਵਾਲੇ ਟਾਈਟਲਰ ਕੋਲ ਸਬੂਤ ਬਾਬਤ ਪੁੱਛਣ ਗਏ ਤਾਂ ਉਹ ਕੋਈ ਸਬੂਤ ਪੇਸ਼ ਨਾ ਕਰ ਸਕਿਆ। ਮੈਂ ਲੁਧਿਆਣਾ ਵਿਚ ਟਾਈਟਲਰ ਦੇ ਖਿਲਾਫ ਮਾਣ-ਹਾਨੀ ਦਾ ਮੁਕਦਮਾ ਦਾਖਲ ਕਰ

ਦਿੱਤਾ। ਟਾਈਟਲਰ ਲਈ ਇਹ ਮੁਸੀਬਤ ਬਣ ਗਿਆ ਸੀ । ਉਹ ਆਪਣੇ ਲਗਾਏ ਇਲਜ਼ਾਮਾਂ ਦੇ ਲਈ ਮਦਦ ਲਭ ਰਿਹਾ ਸੀ। ਉਸ ਵਕਤ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰਹਲਾਦ ਸਿੰਘ ਚੰਢੋਕ ਉਸ ਦੀ ਮਦਦ ਲਈ ਸਾਹਮਣੇ ਆਇਆ । ਚੰਢੋਕ ਨੇ ਇਹ ਕਹਿਣਾਂ ਸ਼ੁਰੂ ਕਰ ਦਿੱਤਾ ਕਿ ਫੂਲਕਾ ਨੇ 50 ਲੱਖ ਰੁਪਏ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਲਏ ਹਨ, ਜਦੋਂ ਕਿ ਸਰਾਸਰ ਝੂਠ ਸੀ ਅਤੇ ਮੈਂ ਇੱਕ ਪੈਸਾ ਵੀ ਗੁਰੂਦੁਆਰਾ ਕਮੇਟੀ ਤੋਂ ਨਹੀਂ ਲਿਆ। ਪਰ ਕਿਉਂਕਿ ਚੰਢੋਕ ਗੁਰੂਦੁਆਰਾ ਕਮੇਟੀ ਦਾ ਪ੍ਰਧਾਨ ਸੀ ਤਾਂ ਕਈ ਲੋਕਾਂ ਨੇ ਉਸ ਦਾ ਜ਼ਿਆਦਾ ਵਿਸਵਾਸ਼ ਕੀਤਾ । ਮੈਂ ਇਹ ਸਾਰੀ ਘਟਨਾ ਆਪਣੀ ਕਿਤਾਬ " ਜਦੋਂ ਇੱਕ ਦਰਖ਼ਤ ਨੇ ਦਿੱਲੀ ਹਲਾਈ" ਵਿਚ ਸੰਖੇਪ ਨਾਲ ਲਿਖੀ ਹੈ।

ਇਸ ਤੋਂ ਕੁਝ ਦੇਰ ਬਾਅਦ ਜਦੋਂ ਟਾਈਟਲਰ ਦਾ ਕੇਸ ਫਿਰ ਭਖਿਆ ਤਾਂ ਇੱਕ ਦੂਜੇ ਸਿੱਖ ਲੀਡਰ, ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਅਵਤਾਰ ਸਿੰਘ ਹਿਤ ਨੇ ਇਹੋ ਜਹੇ ਇਲਜ਼ਾਮ ਲਾਣੇ ਸੁਰੂ ਕਰ ਦਿੱਤੇ ।

ਹੁਣ ਜਦੋਂ ਸੱਜਣ ਕੁਮਾਰ ਦੇ ਗਲੇ ਵਿਚ ਸ਼ਿਕੰਜਾ ਪੂਰੀ ਤਰ੍ਹਾਂ ਕਸਿਆ ਗਿਆ ਤਾਂ ਹੁਣ ਇਹ ਝੂਠੇ ਇਲਜ਼ਾਮਾਂ ਦਾ ਬੀੜਾ ਦਿੱਲੀ ਕਮੇਟੀ ਦੇ ਮੌਜੂਦਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਤੇ ਉਸ ਦੇ ਭਰਾ ਹਰਵਿੰਦਰ ਸਿੰਘ ਸਰਨਾ ਨੇ ਚੁੱਕ ਲਿਆ ਹੈ। ਉਹਨਾਂ ਨੇ ਲਗਾਤਾਰ ਇਹ ਇਲਜ਼ਾਮ ਲਗਾਉਣੇ ਸ਼ੁਰੂ ਕਰ ਦਿੱਤੇ ਹਨ ਕਿ ਫੂਲਕਾ ਨੇ ਗੁਰੂਦੁਆਰਾ ਕਮੇਟੀ ਦੇ 1 ਕਰੋੜ 9 ਲੱਖ ਰੁਪਏ ਖਾ ਲਏ ਹਨ। ਪਿਛਲੇ ਸ਼ਨੀਵਾਰ 17 ਜੁਲਾਈ ਨੂੰ ਇੱਕ ਮੀਟਿੰਗ ਦੇ ਵਿਚ ਮੈਂ ਦੋਵਾਂ ਭਰਾਵਾਂ ਨੂੰ ਗੁਰੂਦੁਆਰਾ ਕਮੇਟੀ ਦੇ ਦਫਤਰ ਵਿਚ ਮਿਲਿਆ। ਜਦੋਂ ਮੈਂ ਇਹਨਾਂ ਨੂੰ ਇਹ ਗੱਲ ਪੁੱਛੀ ਕਿ ਤੁਸੀਂ ਇਹੋ ਜਹੇ ਇਲਜ਼ਾਮ ਲਗਾ ਰਹੇ ਹੋ ਅਤੇ ਇਸ ਦਾ ਸਬੂਤ ਕੀ ਹੈ ਤਾਂ ਹਰਵਿੰਦਰ ਸਿੰਘ ਸਰਨਾ ਨੇ ਮੇਰੀ ਬੜੀ ਬੇਇੱਜਤੀ ਕੀਤੀ। ਬੜੀ ਉਚੀ ਆਵਾਜ਼ ਵਿਚ ਮੈਨੂੰ ਬੜਾ ਬੁਰਾ ਭਲਾ ਕਿਹਾ ਅਤੇ ਇਤਰਾਜ ਜੋਗ ਭਾਸਾ ਦਾ ਇਸਤੇਮਾਲ ਕੀਤਾ ਤੇ ਧਮਕੀ ਦਿੱਤੀ। ਇਹ ਵੀ ਕਿਹਾ ਕਿ "ਹਾਂ ਮੈਂ ਕਿਹਾ ਹੈ ਜਾ ਜੋ ਵਿਗਾੜ ਸਕਦਾ ਹੈ ਸਾਡਾ ਵਿਗਾੜ ਲੈ ਅਤੇ ਮੈਂ ਤੇਰੀਆਂ ਕਰਤੂਤਾਂ ਸਾਰੀ ਸੰਗਤ ਅੱਗੇ ਨੰਗੀਆਂ ਕਰਾਂਗਾ"। ਉਸ ਦੀ ਭਾਸ਼ਾ ਇੱਨੀ ਇਤਰਾਜ਼ਯੋਗ ਸੀ ਕਿ ਜੇਕਰ ਮੈਂ ਉਥੋਂ ਉਠ ਕੇ ਨਾ ਆਉਂਦਾ ਤਾਂ ਸ਼ਾਇਦ ਉਹ ਮੈਨੂੰ ਅਗਲੇ 2-3 ਮਿਨਟ ਵਿਚ ਗਾਲ੍ਹਾਂ ਵੀ ਕੱਢ ਦਿੰਦਾ। ਮੈਨੂੰ ਜ਼ਿਆਦਾ ਦੁਖ ਇਸ ਗੱਲ ਦਾ ਹੋਇਆ ਕਿ ਇਹ ਸਾਰਾ ਵਾਕਿਆ ਇੱਕ ਉਘੇ ਵਕੀਲ ਕੇ.ਟੀ.ਐਸ.ਤੁਲਸੀ ਦੀ ਮੋਜੂਦਗੀ ਵਿਚ ਹੋਇਆ।

ਮੈਨੂੰ ਸਮਝ ਨਹੀਂ ਆ ਰਹੀ ਕਿ ਮੇਰੀਆਂ ਕਿਹੜੀਆਂ ਕਰਤੂਤਾਂ ਸੰਗਤ ਦੇ ਅੱਗੇ ਨੰਗੀਆਂ ਕਰਨਗੇਂ। ਮੈਂ ਇਹ ਚਿੱਠੀ ਆਪ ਜੀ ਨੂੰ ਲਿਖ ਰਿਹਾ ਹਾਂ ਕਿ ਮੈਂ ਇਹ ਇਲਜ਼ਾਮ ਸੁਣ ਸੁਣ ਕੇ ਐਨਾ ਤੰਗ ਆ ਗਿਆ ਹਾਂ ਕਿ ਜਿਸ ਵੀ ਲੀਡਰ ਨੇ ਮੇਰੀਆਂ ਕਰਤੂਤਾਂ ਨੰਗੀਆਂ ਕਰਣੀਆਂ ਹਨ ਤਾਂ ਸਾਹਮਣੇ ਬੁਲਾ ਲਵੋ ਜੋ ਵੀ ਮੇਰੇ ਖਿਲਾਫ ਇਹਨਾਂ ਕੋਲ ਹੈ ਉਹ ਆਪ ਜੀ ਅੱਗੇ ਪੇਸ਼ ਕਰਨ। ਮੈਂ ਜਵਾਬ ਦੇਵਾਂਗਾ।

**ਇੰਝ ਜਾਪਦਾ ਹੈ ਕਿ ਇਹਨਾਂ ਦਾ ਮਕਸਦ ਇਹ ਹੈ ਕਿ ਮੇਰਾ ਧਿਆਨ ਸੱਜਣ ਕੁਮਾਰ ਤੇ 84 ਦੇ ਕੇਸਾਂ ਤੋਂ ਹਟਾ ਕੇ ਝੂਠੇ ਇਲਜ਼ਾਮਾਂ ਦੀ ਸਫਾਈ ਦੇਣ ਵਿਚ ਹੀ ਲਗਾ ਦੇਣ। ਇਸ ਵੇਲੇ ਥੋੜੀ ਜਹੀ ਵੀ ਕੇਸ ਵਿਚ ਢਿੱਲ ਛੱਡੀ ਤਾਂ ਅੰਜਾਮ ਬੜੇ ਖਤਰਨਾਕ ਹੋ ਸਕਦੇ ਹਨ।**

ਸਭ ਤੋਂ ਵੱਡੀ, ਹੋਰ ਵੀ ਅਫਸੋਸ ਦੀ ਗੱਲ ਹੈ ਕਿ ਸਰਨਾ ਭਰਾਵਾਂ ਨਾਲ ਇਸ ਵਿੱਚ ਇੱਕ ਸੀਨੀਅਰ ਐਡਵੋਕੇਟ ਭੀ ਹੈ ਜੋ ਮੇਰੇ ਖਿਲਾਫ ਲਗਾਏ ਗਏ ਇਲਜ਼ਾਮਾਂ ਵਿਚ ਇਨਾਂ ਦਾ ਸਾਥ ਦੇ ਰਿਹਾ ਹੈ।

ਮੈਨੂੰ ਇਸ ਗੱਲ ਦੀ ਪੂਰੀ ਜਾਣਕਾਰੀ ਹੈ ਕਿ ਮੈਂ ਜੋ ਫੈਸਲਾ ਲੈਣ ਜਾ ਰਿਹਾ ਹਾਂ ਉਸ ਦੇ ਨਾਲ ਕੇਸ ਦਾ ਨੁਕਸਾਨ ਹੋਵੇਗਾ ਪਰ ਹੁਣ ਮੇਰਾ ਵਸ ਨਹੀਂ । ਪਿਛਲੇ 4 ਦਿਨਾਂ ਤੋਂ ਮੈਂ ਐਨਾ ਜ਼ਿਆਦਾ ਮਾਨਸਕ ਪਰੇਸ਼ਾਨੀ ਵਿਚ ਹਾਂ ਕਿ ਕੇਸ ਵਿਚ ਧਿਆਨ ਹੀ ਨਹੀ ਦੇ ਪਾ ਰਿਹਾ। ਅੱਗੇ ਇਹੋ ਹੀ ਕੁਝ ਰਿਹਾ ਤਾਂ ਕੇਸ ਵਿਚ ਵੱਡਾ ਨੁਕਸਾਨ ਨਾ ਹੋ ਜਾਵੇ। ਇਸੇ

ਕਰਕੇ ਮੈਂ ਇਹ ਫਰਿਆਦ ਤੁਹਾਨੂੰ ਲਿਖਣ ਦਾ ਫੈਸਲਾ ਕੀਤਾ ਹੈ ਕਿ ਇਸ ਵੇਲੇ ਇਨਾਂ ਹਾਲਤਾਂ ਵਿਚ ਮੇਰੇ ਵਾਸਤੇ ਇਨਾ ਕੇਸਾਂ ਦੀ ਪੈਰਵਾਈ ਕਰਣਾ ਬੜਾ ਮੁਸ਼ਕਲ ਹੋ ਗਿਆ ਹੈ।ਕੋਈ ਹੋਰ ਇੰਤਜਾਮ ਕਰੋ। ਤੁਸੀਂ ਜਲਦ ਫੈਸਲਾ ਲਵੋ ਕੌਮ ਦਾ ਨੁਕਸਾਨ ਨਾ ਹੋਵੇ।

ਇਹਨਾਂ ਦੇ ਲਗਾਏ ਹੋਏ ਇਲਜ਼ਾਮਾਂ ਦਾ ਮੈਨੂੰ ਜ਼ਿਆਦਾ ਹੀ ਦੁਖ ਹੋਇਆ ਹੈ ਕਿਉਂਕਿ ਮੈਂ ਸਰਦਾਰ ਪਰਮਜੀਤ ਸਿੰਘ ਸਰਨਾ ਦੀ ਕਦਰ ਕਰਦਾ ਸੀ। ਮੇਰੀ ਇਸ ਦੇ ਨਾਲ ਨੇੜਤਾ 1995 ਵਿਚ ਸ਼ੁਰੂ ਹੋਈ ਜਦੋਂ ਇਸ ਨੇ ਭਗਤ ਵਾਲੇ ਕੇਸ ਵਿਚ ਚੰਗਾ ਕਿਰਦਾਰ ਨਿਭਾਇਆ। ਮੇਰੀ ਨਾਰਾਜ਼ਗੀ ਸਰਨਾ ਨਾਲ 2008 ਤੋਂ ਇਹ ਨਸਲਕੁਸੀ ਦੇ ਕੇਸਾਂ ਬਾਰੇ ਹੀ ਹੋਈ। ਟਾਈਟਲਰ ਦੇ ਖਿਲਾਫ ਜੋ ਮੁਖ ਗਵਾਹ ਗਿਆਨੀ ਸੁਰਿੰਦਰ ਸਿਘ ਜਦੋਂ ਆਪਣੀ ਗਵਾਹੀ ਤੋਂ ਮੁਕਰ ਗਿਆ ਉਦੋਂ ਉਸ ਨੂੰ ਚੰਗੀ ਪਦਵੀ ਗੁਰੂਦੁਆਰਾ ਰਕਾਬ ਗੰਜ ਸਾਹਿਬ ਦਾ ਹੈਡ ਗ੍ਰੰਥੀ ਬਣਾਂ ਕੇ ਰਖਿਆ ਗਿਆ। ਬਾਅਦ ਵਿਚ 2008 ਵਿਚ ਉਸਨੇ ਆਪਣੀ ਗਵਾਹੀ ਠੀਕ ਦਿੱਤੀ। ਸੀ.ਬੀ.ਆਈ. ਨੂੰ ਟਾਈਟਲਰ ਦੇ ਖਿਲਾਫ ਬਿਆਨ ਦੇ ਦਿੱਤੇ ਤਾਂ ਉਸ ਦੇ ਬਾਅਦ ਉਸਨੇ ਕਿਹਾ ਕਿ ਮੇਰੀ ਜਾਨ ਨੂੰ ਖਤਰਾ ਹੈ। ਉਹ ਅਮਰੀਕਾ ਚਲਾ ਗਿਆ ਉਸ ਨੇ ਸਰਨਾ ਨੂੰ 1 ਸਾਲ ਲਈ ਛੁੱਟੀ ਦੀ ਦਰਖਾਸਤ ਦਿੱਤੀ ਪਰ ਸਰਨਾ ਨੇ ਛੁੱਟੀ ਮੰਜ਼ੂਰ ਨਹੀ ਕੀਤੀ। ਸਰਨਾ ਉੱਤੇ ਬੜਾ ਦਬਾਅ ਪਾਣ ਤੇ ਵੀ ਉਸ ਦੀ ਛੁੱਟੀ ਮੰਜ਼ੂਰ ਨਹੀ ਹੋਈ। ਆਖਰ ਗਿਆਨੀ ਸੁਰਿੰਦਰ ਸਿੰਘ ਨੂੰ ਜਨਵਰੀ 2009 ਵਿਚ ਵਾਪਸ ਆਉਣਾ ਪਿਆ ਨਹੀ ਤਾਂ ਉਸ ਨੂੰ ਆਪਣੀ ਨੌਂਕਰੀ ਤੋਂ ਹੱਥ ਧੋਣੇਂ ਪੈਂਦੇ। ਜਦੋਂ ਉਹ ਵਾਪਸ ਆ ਗਿਆ ਤਾਂ 3 ਮਹੀਨੇ ਤੱਕ ਸਰਨਾ ਨੇ ਕਿਸੇ ਵੀ ਗੁਰਦੁਆਰੇ ਵਿਚ ਉਸ ਦੀ ਡਿਯੁਟੀ ਨਹੀ ਲਗਾਈ ਅਤੇ ਉਹ ਘਰ ਬੈਠਾ ਰਿਹਾ। ਕਈ ਲੋਕਾਂ ਨੇ ਸਰਨਾ ਤੇ ਜੋਰ ਪਾਇਆ ਪਰ ਕਿਸੇ ਦੀ ਵਾਹ ਨਹੀਂ ਚਲੀ। ਬਾਅਦ ਵਿਚ ਉਸ ਦੀ ਡਿਯੁਟੀ ਮਜਨੂੰ ਟਿੱਲਾ ਗੁਰਦੁਆਰੇ ਲਗਾ ਦਿੱਤੀ, ਜੋ ਕਿ ਜਗਦੀਸ਼ ਟਾਈਟਲਰ ਦਾ ਇਲਾਕਾ ਸੀ। ਉਥੇ ਉਸ ਨੂੰ ਰੋਜ਼ਾਨਾ ਧਮਕੀਆਂ ਆਉਂਦੀਆਂ ਸੀ ਜਿਸ ਕਰਕੇ ਉਸ ਦੀ ਸਿਹਤ ਵਿਗੜਦੀ ਗਈ ਅਤੇ 2009 ਜੂਨ ਵਿਚ ਹੀ 60 ਸਾਲ ਦੀ ਉਮਰ ਵਿਚ ਉਸ ਦੀ ਮੌਤ ਹੋ ਗਈ। ਅਜੇ ਟਾਈਟਲਰ ਦਾ ਕੇਸ ਅਦਾਲਤ ਵਿਚ ਹੀ ਸੀ। ਸੁਰਿੰਦਰ ਸਿੰਘ ਦੀ ਮੌਤ ਨੇ ਕੇਸ ਨੂੰ ਬੜਾ ਕਮਜ਼ੋਰ ਕਰ ਦਿੱਤਾ। ਟਾਈਟਲਰ ਨੇ ਕੋਰਟ ਵਿਚ ਆ ਕੇ ਇੱਕ ਹਲਫਨਾਮਾ ਦਿੱਤਾ ਜੋ ਕਿ ਸੁਰਿੰਦਰ ਸਿੰਘ ਵਲੋਂ ਸੀ ਜਿਸ ਵਿਚ ਇਹ ਕਿਹਾ ਗਿਆ ਸੀ ਕਿ ਸੁਰਿੰਦਰ ਸਿੰਘ ਨੂੰ ਟਾਈਟਲਰ ਦੇ ਖਿਲਾਫ ਝੂਠੀ ਗਵਾਹੀ ਦੇਣ ਲਈ ਫੂਲਕਾ ਨੇ ਜ਼ੋਰ ਦਿੱਤਾ ਸੀ। ਟਾਈਟਲਰ ਦਾ ਪੂਰਾ ਨਿਸ਼ਾਨਾ ਮੈਨੂੰ ਦਬੋਚਣਾ ਸੀ। ਇਹ ਵਾਹਿਗੁਰੂ ਦੀ ਮਦਦ ਨਾਲ ਹੀ ਮੈਂ ਬਚ ਗਿਆ।

ਇਨ੍ਹਾਂ ਲੋਕਾਂ ਦਾ ਟਾਈਟਲਰ ਨੂੰ ਪੂਰਾ ਸਾਥ ਸੀ। ਇਸ ਵਾਕਆ ਤੋਂ ਬਾਅਦ ਮੇਰੀ ਸਰਨਾ ਨਾਲ ਨਾਰਾਜ਼ਗੀ ਤਾਂ ਸ਼ੁਰੂ ਹੋਈ ਪਰ ਫਿਰ ਵੀ ਕੋਈ ਲੜਾਈ ਨਹੀ ਸੀ। ਹੁਣ ਜਦੋਂ ਮੈਂ ਕਮਲਨਾਥ ਦੇ ਖਿਲਾਫ ਇਹਨਾਂ ਨੂੰ ਕੇਸ ਫਾਈਲ ਕਰਨ ਬਾਰੇ ਕਿਹਾ ਤਾਂ ਸਰਨਾ ਇੱਕ ਦਮ ਭੜਕ ਗਿਆ।

ਉੱਜ ਜਦੋਂ ਸੱਜਣ ਕੁਮਾਰ ਦਾ ਕੇਸ ਐਨੇ ਸਿਖਰ ਉਤੇ ਪੁੱਜ ਗਿਆ ਹੈ ਤਾਂ ਸਰਨਾ ਦਾ ਮੇਰੇ ਉਪਰ ਝੂਠਾ ਇਲਜ਼ਾਮ ਲਗਾਉਣ ਦਾ ਮੈਨੂੰ ਬਹੁਤ ਦੁਖ ਹੋਇਆ ਹੈ। ਜਦੋਂ ਕੁਝ ਅਖਬਾਰਾਂ ਨੇ ਸਰਨਾ ਨੂੰ ਪੁਛਿਆ ਕਿ ਤੁਸੀਂ 1 ਕਰੋੜ 9 ਲੱਖ ਰੁਪਏ ਦਾ ਇਲਜ਼ਾਮ ਲਾ ਰਹੇ ਹੋ ਤਾਂ ਬਿਲ ਤੇ ਰਸੀਦ ਦੇਵੋ, ਤਾਂ ਉਹ ਇੱਕ ਦਮ ਬਦਲ ਗਿਆ ਅਤੇ ਕਹਿਣ ਲੱਗਾ ਕਿ ਇਹ ਖਰਚੇ ਗੁਰੂਦੁਆਰਾ ਕਮੇਟੀ ਨੇ ਨਾਨਾਵਤੀ ਕਮਿਸ਼ਨ ਦੀ ਪੈਰਵਾਈ ਕਰਦੇ ਕੀਤੇ ਹਨ। ਫੂਲਕਾ ਇਸ ਦਾ ਇੰਚਾਰਜ਼ ਸੀ ਅਤੇ ਇਹ ਖਰਚੇ ਫੂਲਕਾ ਨੇ ਬੇਵਜਾਹ ਕਰਵਾ ਦਿੱਤੇ ਜਦੋਂ ਕਿ ਕਮਿਸ਼ਨ ਦਾ ਕੋਈ ਫਾਇਦਾ ਨਹੀਂ ਹੋਇਆ।

ਨਾਨਾਵਤੀ ਕਮਿਸ਼ਨ ਜੋ ਕਿ 2003 ਤੱਕ ਸੀ। ਇਸ ਦੇ ਜਿੱਨੇ ਵੀ ਖਰਚੇ ਕੀਤੇ ਸਨ ਉਹ ਗੁਰੁਦੁਆਰਾ ਕਮੇਟੀ ਨੇ ਕੀਤੇ ਸੀ। ਇੱਕ ਵੀ ਰੁਪਿਆ ਮੇਰੇ ਰਾਹੀਂ ਖਰਚ ਨਹੀ ਹੋਇਆ ਅਤੇ ਇਹ ਖਰਚੇ ਸਾਲ 2003 ਤੱਕ ਹੀ ਹੋਏ ਹਨ ਉਸ ਤੋਂ ਬਾਅਦ ਗੁਰੂਦੁਆਰਾ ਕਮੇਟੀ ਨੇ ਕੋਈ ਵੀ ਖਰਚੇ ਨਹੀ ਕੀਤੇ। 7 ਸਾਲਾਂ ਤੋਂ ਬਾਅਦ ਅੱਜ ਇਸ ਨਾਜੁਕ ਮੌਕੇ ਤੇ

ਇਹ ਖਰਚੇ ਕਿਉਂ ਯਾਦ ਆਏ ਹਨ। ਇਹਨਾਂ 7 ਸਾਲਾਂ ਵਿਚ ਸਰਨਾ ਨੇ ਕਈ ਵਾਰੀ ਮੇਰੀ ਬੜੀ ਤਾਰੀਫ ਕੀਤੀ ਹੋਵੇਗੀ। ਪਰ ਜਦੋਂ ਸਜੱਣ ਕੁਮਾਰ ਦਾ ਕੇਸ ਸਿਖਰ ਤੇ ਆ ਗਿਆ ਤਾਂ ਅੱਜ ਇਹ ਖਰਚੇ ਯਾਦ ਆ ਗਏ। ਕਿਉਂ?

ਦੂਜਾ ਸਰਨਾ ਇਹ ਕਹਿੰਦਾ ਹੈ ਕਿ ਨਾਨਾਵਤੀ ਕਮਿਸ਼ਨ ਤੋਂ ਕੌਮ ਨੂੰ ਕੋਈ ਫਾਇਦਾ ਨਹੀਂ ਹੋਇਆ। ਨਾਨਾਵਤੀ ਕਮਿਸ਼ਨ ਤੋਂ ਬਾਅਦ ਹੀ ਟਾਈਟਲਰ ਤੇ ਸੱਜਣ ਕੁਮਾਰ ਦੇ ਖਿਲਾਫ ਕੇਸ ਚਲੇ। ਟਾਈਟਲਰ ਨੇ ਮੰਤਰੀ ਪਦ ਤੋਂ ਅਸਤੀਫਾ ਦਿੱਤਾ। ਸ਼ਾਇਦ ਇਹ ਗੱਲਾਂ ਸਰਨਾ ਦੇ ਆਪਣੇ ਫਾਇਦੇ ਵਿਚ ਨਾ ਹੋਣ ਪਰ ਕੌਮ ਦੇ ਫਾਇਦੇ ਵਿਚ ਹੈ ਜਾਂ ਨਹੀਂ ਇਹ ਫੈਸਲਾ ਤੁਸੀ ਕਰੋ। ਨਾਨਾਵਤੀ ਕਮਿਸ਼ਨ ਦੇ ਫੈਸਲੇ ਦੇ ਬਾਅਦ ਹੀ ਸਰਕਾਰ ਨੂੰ 717 ਕਰੋੜ ਤੋਂ ਵੱਧ ਦਾ ਹੋਰ ਮੁਆਵਜ਼ਾ ਪੀੜਤ ਪਰਿਵਾਰਾਂ ਨੂੰ ਦੇਣਾ ਪਿਆ।

ਅੰਤ ਵਿਚ ਪੂਰੀ ਇਮਾਨਦਾਰੀ, ਅਧੀਨਗੀ ਤੇ ਨਿਮਰਤਾ ਸਹਿਤ ਮੇਰੀ ਬਿਨੈ ਹੈ ਕਿ ਮੈਂ ਨਸਲਕੁਸੀ ਦੇ ਕੇਸਾਂ ਵਿਚ ਕੋਈ ਫੀਸ ਨਹੀ ਲਈ। ਆਪਣੀ ਸਾਰੀ ਜ਼ਿੰਦਗੀ ਇਸ ਦੇ ਉਪਰ ਲਗਾ ਦਿੱਤੀ ਆਪਣੀ ਜਾਨ ਵੀ ਜੋਖਿਮ ਵਿਚ ਪਾਈ। ਮੈਂ ਇਕੱਲੇ ਹੀ ਭਗਤ, ਸਜੱਣ ਕੁਮਾਰ, ਜਗਦੀਸ਼ ਟਾਈਟਲਰ ਵਰਗੇ ਦਰਿੰਦਿਆਂ ਦਾ ਡੱਟ ਕੇ ਸਾਹਮਣਾ ਕੀਤਾ। ਸਿੱਖ ਕੌਮ ਦੇ ਲਈ ਐਨਾ ਕੁਝ ਕਰਨ ਤੋਂ ਬਾਅਦ ਵੀ ਮੈਂ ਕਦੇ ਕਿਸੇ ਇਨਾਮ ਦੀ ਇੱਛਾ ਨਹੀ ਰੱਖੀ। ਮੈਂ ਅੱਜ ਤੱਕ ਕੋਈ ਸਿਆਸੀ ਓਹਦਾ ਨਹੀ ਲਿਆ ਅਤੇ ਨਾ ਹੀ ਕੋਈ ਹੋਰ ਫਾਇਦਾ ਲਿਆ ਹੈ। ਪਰ ਅੱਜ ਸਿੱਖ ਕੌਮ ਦੇ ਲੀਡਰਾਂ ਵਲੋਂ ਮੈਨੂੰ ਇਹ ਇਨਾਮ ਦਿੱਤਾ ਜਾ ਰਿਹਾ ਹੈ ਕਿ ਹੁਣ ਮੈਨੂੰ ਆਪਣੇ ਹੀ ਬਚਾਅ ਦੇ ਵਾਸਤੇ ਸਫਾਈਆਂ ਦੇਣੀਆਂ ਪੈ ਰਹੀਆਂ ਹਨ।

ਇਹਨਾਂ 26 ਵਰ੍ਹਿਆਂ ਵਿਚ ਬਹੁਤ ਸਾਰੇ ਲੋਕਾਂ ਅਤੇ ਸੰਸਥਾਵਾਂ ਨੇ ਮੈਨੂੰ ਬਹੁਤ ਪੈਸਾ ਦੇਣ ਦਾ ਜਤਨ ਕੀਤਾ। ਮੈਂ ਸਭ ਨੂੰ ਨਿਮਰਤਾ ਨਾਲ ਮਨ੍ਹਾ ਕੀਤਾ ਕਿ ਇਹ ਕੇਸ ਮੈਂ ਫੀਸ ਲਈ ਨਹੀਂ ਸਗੋਂ ਸਿੱਖ ਸਮਾਜ ਨਾਲ ਹੋਏ ਅਤਿਆਚਾਰ ਦੇ ਖ਼ਿਲਾਫ ਆਪਣੇ ਮਨ ਦੀ ਆਵਾਜ਼ ਨੂੰ ਸੁਣ ਕੇ ਲੜ ਰਿਹਾ ਹਾਂ। ਖਾਸਕਰ ਜਦ ਵੀ ਮੈਂ ਵਿਦੇਸ਼ ਗਿਆ ਤਾਂ ਲੋਕਾਂ ਨੇ ਮੈਨੂੰ ਬਹੁਤ ਡਾਲਰ ਤੇ ਪੌਂਡ ਸਹਿਯੋਗ ਵਜੋਂ ਦੇਣ ਦੀ ਪੇਸ਼ਕਸ਼ ਕੀਤੀ। ਮੈਂ ਕੇਸਾਂ ਸੰਬੰਧੀ ਲੋਕ ਰਾਇ ਪੈਦਾ ਕਰਨ ਲਈ ਲਗਭਗ 25 ਤੋਂ 30 ਵਾਰ ਵਿਦੇਸ਼ ਯਾਤਰਾ ਕੀਤੀ। ਕੇਵਲ 3 ਵਾਰ (ਇੱਕ ਵਾਰ ਲਾਸ ਏਂਜਲਸ ਤੇ ਦੋ ਵਾਰ ਵੇਨਕੂਵਰ) ਵਿਦੇਸ ਲਈ ਹਵਾਈ ਟਿਕਟ ਦੇ ਪੈਸੇ ਪ੍ਰਬੰਧਕਾਂ ਨੇ ਦਿੱਤੇ ਬਾਕੀ ਹਰ ਵਾਰ ਮੈਂ ਆਪਣੇ ਦਸਵੰਧ ਵਿਚ ਟਿਕਟ ਲੈ ਕੇ ਵਿਦੇਸ਼ ਜਾਂਦਾ ਰਿਹਾ। ਫਿਰ ਵੀ ਅੱਜ ਮੇਰੇ ਤੇ ਅਜਿਹੇ ਲਗ ਰਹੇ ਦੋਸ਼ਾਂ ਨੇ ਮੇਰੀ ਅੰਤਰ ਆਤਮਾ ਨੂੰ ਹਲੂਣ ਕੇ ਰੱਖ ਦਿੱਤਾ ਹੈ।

ਮੈਂ ਆਪ ਜੀ ਨੂੰ ਬੇਨਤੀ ਕਰਦਾ ਹਾਂ ਕਿ ਸਾਰੇ ਸਿੱਖ ਸਮਾਜ ਤੋਂ ਪੁਛ ਲਵੋ ਕਿ ਜਿਸਨੇ ਵੀ ਮੈਨੂੰ ਪੈਸੇ ਦਿੱਤੇ ਹਨ ਉਹ ਆਪ ਜੀ ਨੂੰ ਦੱਸਣ ਤਾਕਿ ਇੱਕ ਵਾਰ ਸਭ ਖੁਲਾਸਾ ਹੋ ਜਾਏ ਕਿ ਸੱਚਾਈ ਕੀ ਹੈ। ਨਾਲ ਹੀ ਜਿਹਨਾਂ ਜਿਹਨਾਂ ਨੂੰ ਮੈਂ ਪੈਸਾ ਲੈਣ ਤੋਂ ਇਨਕਾਰ ਕੀਤਾ ਹੈ ਉਹ ਵੀ ਦੱਸਣ ਕਿ ਉਹਨਾਂ ਕਿੰਨ੍ਹਾ ਜੋਰ ਲਗਾਇਆ ਪਰ ਫਿਰ ਵੀ ਮੈਂ ਕਿਸੇ ਤੋਂ ਵੀ ਪੈਸਾ ਨਹੀਂ ਲਿਆ।

ਮੈਂ ਇਸ ਲੜਾਈ ਵਿਚ ਇਹਨਾਂ ਲੀਡਰਾਂ ਤੋਂ ਕਿਸੀ ਮਦਦ ਦੀ ਆਸ ਨਹੀਂ ਸੀ ਰੱਖਦਾ। ਹੁਣ ਤੱਕ ਇਕੱਲੇ ਨੇ ਹੀ ਇਹਨਾਂ ਮੁਲਜ਼ਿਮ ਕਾਂਗਰਸੀ ਲੀਡਰਾਂ ਦਾ ਮੁਕਾਬਲਾ ਕੀਤਾ ਹੈ। ਇਕੱਲਾ ਹੀ ਅੱਗੇ ਵੀ ਕਰ ਸਕਦਾ ਸੀ। ਪਰ ਅੱਜ ਮੇਰੇ ਵਿਚ ਐਨੀ ਹਿੰਮਤ ਨਹੀਂ ਹੈ ਕਿ ਹੁਣ ਮੈਂ ਇਨ੍ਹਾਂ ਸ਼ਕਤੀਸ਼ਾਲੀ ਮੁਲਜ਼ਮਾਂ ਨਾਲ ਲੜਦਾ –ਲੜਦਾ ਆਪਣੀ ਕੌਮ ਦੇ ਲੀਡਰਾਂ ਨਾਲ ਵੀ ਲੜਾਂ। ਇਹ ਸਿੱਖ ਲੀਡਰ ਕਹਿੰਦੇ ਹਨ ਕਿ ਫੂਲਕਾ ਸਿੱਖ ਕੌਮ ਦੇ ਵਾਸਤੇ ਨਹੀਂ ਸਗੋਂ ਆਪਣੇ ਨਿੱਜੀ ਸੁਆਰਥ ਲਈ ਕੇਸ ਲੜਦਾ ਹੈ। ਇਹ ਸਭ ਕੁਝ ਸੁਣਨ ਤੋਂ ਬਾਅਦ ਵੀ ਜੇਕਰ ਮੈਂ ਇਹ ਕੇਸ ਉਸੇ ਤਰਾਂ ਲੜਦਾ ਰਿਹਾ ਤਾਂ ਆਮ ਲੋਕੀ ਸਮਝਣਗੇਂ ਕਿ ਜੇਕਰ ਸਿੱਖ ਲੀਡਰ ਕੇਸ ਨਹੀ ਲੜਨਾ ਚਾਹੁੰਦੇ ਹਨ ਤਾਂ ਇਸ ਦਾ ਨਿਜੀ ਸੁਆਰਥ ਹੋਵੇਗਾ ਜੋ ਇਹ ਆਪ ਇਨਾਂ ਕੇਸਾਂ ਵਿਚ ਦਿਲਚਸਪੀ ਲੈ ਰਿਹਾ ਹੈ।

ਇਨਾਂ ਇਲਜ਼ਾਮਾਂ ਨੇ ਮੈਨੂੰ ਐਨਾ ਪਰੇਸ਼ਾਨ ਕਰ ਦਿੱਤਾ ਹੈ ਕਿ ਮੈਂ ਪਿਛਲੇ 4-5 ਦਿਨ ਤੋਂ ਰਾਤ ਨੂੰ ਸੌਂ ਨਹੀ ਸਕਿਆ ਅਤੇ ਅਗਲੇ ਦਿਨ ਦੇ ਕੇਸ ਦੀ ਠੀਕ ਤਿਆਰੀ ਨਹੀ ਕਰ ਸਕਿਆ। ਜੇਕਰ ਹਾਲਾਤ ਇਸੇ ਤਰ੍ਹਾਂ ਬਣੇ ਰਹੇ ਤਾਂ ਮੈਂ ਇਨਾਂ ਕੇਸਾਂ ਦੀ ਪੈਰਵਾਈ ਕਰਣ ਦੇ ਕਾਬਲ ਵੀ ਨਹੀਂ ਰਹਾਂਗਾ ਅਤੇ ਕੇਸਾਂ ਦਾ ਨੁਕਸਾਨ ਹੋ ਜਾਏਗਾ। ਇਸ ਕਰਕੇ ਮੈਨੂੰ ਮਜਬੂਰ ਹੋ ਕੇ ਤੁਹਾਨੂੰ ਇਹ ਬੇਨਤੀ ਕਰਨੀ ਪੈ ਰਹੀ ਹੈ ਕਿ ਤੁਸੀਂ ਜਲਦ ਹੀ ਕੋਈ ਫੈਸਲਾ ਲਵੋ ਅਤੇ ਇਹ ਕੇਸ ਕਿਸੀ ਹੋਰ ਵਕੀਲ ਨੂੰ ਸੌਂਪ ਦਿਓ। ਇਸ ਨਾਜ਼ੁਕ ਮੌਕੇ ਤੇ ਕੁਝ ਦਿਨਾਂ ਦੀ ਦੇਰੀ ਵੀ ਖਤਰਨਾਕ ਸਾਬਤ ਹੋ ਸਕਦੀ ਹੈ। ਮੈਂ ਤੁਹਾਨੂੰ ਇਹ ਵਿਸਵਾਸ ਦਿਵਾਉਂਦਾ ਹਾਂ ਕਿ ਮੈਂ ਕੇਸਾਂ ਨੂੰ ਪੈਰਵਾਈ ਤੋਂ ਬਿਨਾਂ ਨਹੀ ਛੱਡਾਗਾਂ। ਜਿੰਨੀ ਦੇਰ ਤੁਸੀਂ ਕਿਸੀ ਹੋਰ ਵਕੀਲ ਨੂੰ ਇਹ ਕੇਸ ਨਹੀ ਸੌਂਪਦੇ ਉੱਨੀ ਦੇਰ ਮੈਂ ਜਿਵੇਂ-ਕਿਵੇਂ ਇਹ ਪੈਰਵਾਈ ਕਰਦਾ ਰਹਾਂਗਾ।

ਭਾਵੇਂ ਇਹਨਾਂ ਬੇਬੁਨਿਆਦ ਦੋਸ਼ਾਂ ਨਾਲ ਮੇਰੀ ਇਕਾਗਰਤਾ ਭੰਗ ਕਰਨ ਵਿਚ ਇਹ ਕੁਝ ਚਿਰ ਲਈ ਸਫਲ ਹੋ ਗਏ ਹਨ ਪਰ ਮੇਰੀ ਧੁਰ ਅੰਦਰ ਠੋਰ ਗੁਰਬਾਣੀ ਦੀ ਹੈ ਅਤੇ ਮੈਨੂੰ ਪੂਰਨ ਭਰੋਸਾ ਹੈ ਕਿ ‘ਵਿਚਿ ਕਰਤਾ ਪੁਰਖ ਖਲੋਆ ਵਾਲ ਨ ਵਿੰਗਾ ਹੋਆ’॥ ਇਹ ਮਨੁੱਖ ਆਪਣੀਂ ਚਤੁਰਾਈਆਂ ਤੇ ਬਾਹੂ ਬਲ ਨਾਲ ਮੈਨੂੰ ਆਪਣੇ ਮਿਸ਼ਨ ਤੋਂ ਡੁਲਾ ਨਹੀਂ ਸਕਣਗੇਂ, ਮੇਰਾ ਸਾਹਿਬ ਡਾਢਾ ਹੈ ਤੇ ਉਸਦੇ ਦਰਬਾਰ ਵਿਚ ਕਚ ਪਕਾਈ ਸਭ ਸ਼ਪਸ਼ਟ ਹੋ ਕੇ ਹੀ ਰਹੇਗੀ। ਗੁਰ ਸੰਗਤ ਬਾਣੀ ਬਿਨਾ ਦੂਜੀ ਓਨ ਨਹੀਂ ਹੈ ਰਾਈ॥

ਨਿਮਰਤਾ ਸਹਿਤ

(ਹਰਵਿੰਦਰ ਸਿੰਘ ਫੂਲਕਾ)
ਸੀਨੀਅਰ ਐਡਵੋਕੇਟ